ਇਹ ਤੱਥ ਸ਼ੀਟ ਆਮ ਜਾਣਕਾਰੀ ਦੇਣ ਦੇ ਮੰਤਵ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਨੂੰਨ ਦੀ ਵਿਆਖਿਆ ਅਤੇ ਵਰਤੋਂ ਦੇ ਮੰਤਵਾਂ ਲਈ ਕਿਰਪਾ ਕਰਕੇ ਇੰਪਲੌਏਮੈਂਟ ਸਟੈਂਡਰਡਜ਼ ਐਕਟ ਐਂਡ ਰੈਗੂਲੇਸ਼ਨ ਦੇਖੋ।

ਜਨਵਰੀ 2019

# ਫਾਰਮਾਂ ਵਿੱਚ ਕੰਮ ਕਰਨ ਵਾਲੇ ਵਰਕਰ

## ‘ਫਾਰਮ ਵਰਕਰ’ (ਫਾਰਮਾਂ ਵਿੱਚ ਕੰਮ ਕਰਨ ਵਾਲੇ ਵਰਕਰ) ਦੀ ਪਰਿਭਾਸ਼ਾ

ਇਮਪਲੋਏਮੈਂਟ ਸਟੈਂਡਰਡਜ਼ ਰੈਗੂਲੇਸ਼ਨ ਮੁਤਾਬਕ ਫਾਰਮ ਵਰਕਰ ਦੀ ਪਰਿਭਾਸ਼ਾ ਉਸ ਵਿਅਕਤੀ ਵਜੋਂ ਕੀਤੀ ਗਈ ਹੈ ਜਿਹੜਾ ਫਾਰਮਾਂ, ਰੈਂਚਾਂ, ਫਲਾਂ ਦੇ ਬਾਗਾਂ ਜਾਂ ਖੇਤੀਬਾੜੀ ਦੇ ਖੇਤਰ ਵਿੱਚ ਕੰਮ ਕਰਦਾ ਹੈ ਅਤੇ ਜਿਸਦੇ ਕੰਮ ਦੀਆਂ ਮੁੱਖ ਜ਼ਿੰਮੇਵਾਰੀਆਂ ਵਿੱਚ ਇਹ ਸ਼ਾਮਲ ਹਨ:

- ਉੱਪਰਲੇ ਕਿਸੇ ਵੀ ਖੇਤਰ ਵਿੱਚ ਕਿਸੇ ਚੀਜ਼ ਨੂੰ ਉਗਾਉਣਾ, ਵਧਾਉਣਾ, ਦੇਖਭਾਲ ਕਰਨਾ, ਵਾਹੀ ਕਰਨਾ, ਬੂਟੇ ਉਪਜਾਉਣਾ, ਕਟਾਈ ਜਾਂ ਛੰਟਾਈ ਕਰਨਾ;

- ਜ਼ਮੀਨ ਨੂੰ ਸਾਫ ਕਰਨਾ, ਪਾਣੀ ਕੱਢਣਾ, ਸਿੰਚਾਈ ਕਰਨਾ ਜਾਂ ਜ਼ਮੀਨ ਨੂੰ ਵਾਹੁਣਾ;

- ਉੱਪਰਲੇ ਮੰਤਵਾਂ ਲਈ ਫਾਰਮ ਦੀ ਮਸ਼ੀਨਰੀ, ਸਾਜ਼ ਸਾਮਾਨ ਜਾਂ ਹੋਰ ਚੀਜ਼ਾਂ ਚਲਾਉਣਾ ਜਾਂ ਵਰਤਣਾ;

- ਉੱਪਰਲੇ ਖੇਤਰ ਵਾਲੀ ਕਿਸੇ ਵੀ ਥਾਂ ਤੇ ਕੋਈ ਚੀਜ਼ ਸਿੱਧੀ ਵੇਚਣਾ, ਜੇ ਇਹ ਵਿਕਰੀ ਸਿਰਫ਼ ਉੱਥੇ ਹੀ ਕੀਤੀ ਜਾਂਦੀ ਹੈ ਅਤੇ ਕੇਵਲ ਉਸ ਚੀਜ਼ ਦੀ ਕਟਾਈ ਦੇ ਆਮ ਮੌਸਮ ਦੌਰਾਨ ਕੀਤੀ ਜਾਂਦੀ ਹੈ;

- ਉਸ ਥਾਂ ਵੱਲੋਂ ਪੈਦਾ ਕੀਤੀ ਗਈ ਚੀਜ਼ ਨੂੰ ਕੋਈ ਤਬਦੀਲੀ ਕੀਤੇ ਬਿਨਾਂ ਜਾਂ ਉਹੀ ਚੀਜ਼ ਫਸਲ ਪੱਕਣ ਦੇ ਆਮ ਮੌਸਮ ਵਿੱਚ ਕਿਸੇ ਹੋਰ ਥਾਂ ਤੋਂ ਲੈ ਕੇ ਉਸ ਦੀ ਮੁੱਢਲੀ ਧੁਆਈ, ਸਫਾਈ, ਛਾਂਟੀ, ਗ੍ਰੇਡਬੰਦੀ ਜਾਂ ਪੈਕਿੰਗ ਕਰਨਾ।

ਇਹਨਾਂ ਵਿੱਚੋਂ ਕੋਈ ਵੀ ਫਾਰਮ ਵਰਕਰ ਨਹੀਂ ਹੈ:

- ਫਾਰਮਾਂ, ਰੈਂਚਾਂ, ਫਲਾਂ ਦੇ ਬਾਗਾਂ ਜਾਂ ਖੇਤੀਬਾੜੀ ਦੀ ਕਿਸੇ ਚੀਜ਼ ਤੋਂ ਕੋਈ ਚੀਜ਼ ਬਣਾਉਣਾ (ਪ੍ਰੌਸੈੱਸ ਕਰਨਾ) ਵਜੋਂ ਕੰਮ ਕਰਦਾ ਕੋਈ ਮੁਲਾਜ਼ਮ;

- ਫੁੱਲ ਬੂਟੇ ਲਾਉਣ ਵਾਲਾ ਮਾਲੀ ਜਾਂ ਜਿਹੜਾ ਵਿਅਕਤੀ ਪ੍ਰਚੂਨ ਵਿਕਰੀ ਵਾਲੀ ਨਰਸਰੀ ਵਿੱਚ ਕੰਮ ਕਰਦਾ ਹੈ;

- ਜਲਜੀਵਾਂ ਦੇ ਖੇਤਰ ਵਿੱਚ ਕੰਮ ਕਰਦਾ ਕੋਈ ਮੁਲਾਜ਼ਮ।

ਫਾਰਮ ਵਰਕਰ *ਇਮਪਲੌਏਮੈਂਟ ਸਟੈਂਡਰਡਜ਼ ਐਕਟ* ਅਤੇ ਨਿਯਮਾਂ ਦੇ ਬਹੁਤੇ ਸੈਕਸ਼ਨਾਂ ਅਧੀਨ ਆਉਂਦੇ ਹਨ ਪਰ ਅੱਗੇ ਲਿਖੀਆਂ ਕੁਝ ਖ਼ਾਸ ਮਹੱਤਵਪੂਰਨ ਛੋਟਾਂ ਹਨ।

## ਘੱਟੋ-ਘੱਟ ਤਨਖ਼ਾਹ

ਫਾਰਮ ਵਰਕਰ ਜਿਹੜੇ ਕੁਝ ਖ਼ਾਸ ਫਸਲਾਂ ਹੱਥ ਨਾਲ ਚੁਗਦੇ ਹਨ, ਉਹਨਾਂ ਨੂੰ ਪੀਸ ਰੇਟ (ਕੀਤੇ ਕੰਮ) ਮੁਤਾਬਕ ਤਨਖ਼ਾਹ ਦਿੱਤੀ ਜਾ ਸਕਦੀ ਹੈ। ਜੇ ਕੋਈ ਕੰਮ-ਮਾਲਕ ਪੀਸ ਰੇਟ ਦੇਣ ਦੀ ਚੋਣ ਕਰਦਾ ਹੈ ਤਾਂ ਫਾਰਮ ਵਰਕਰਾਂ ਨੂੰ ਰੈਗੂਲੇਸ਼ਨ ਵਿੱਚ ਹਰ ਫਸਲ ਲਈ ਤੈਅ ਕੀਤਾ ਗਿਆ ਘੱਟੋ ਘੱਟ ਪੀਸ ਰੇਟ ਦਿੱਤਾ ਜਾਣਾ ਜ਼ਰੂਰੀ ਹੈ। ਇਹ ਪੀਸ ਰੇਟ ਹੇਠਾਂ ਦਿਤੇ ਗਏ ਹਨ।

ਜਿੱਥੇ ਫਾਰਮ ਵਰਕਰਾਂ ਨੂੰ ਪੈਸੇ ਪੀਸ ਰੇਟ ਮੁਤਾਬਕ ਮਿਲਦੇ ਹਨ ਉਥੇ ਕੰਮ-ਮਾਲਕ ਨੂੰ ਇਹ ਦੱਸਦੇ ਹੋਏ ਨੋਟਿਸ ਜ਼ਰੂਰ ਲਾਉਣੇ ਪੈਣਗੇ:

- ਚੁਗਾਈ ਕਰਨ ਵਾਲੇ ਡੱਬਿਆਂ (ਕਨਟੇਨਰਜ਼) ਦਾ ਨਾਪ (ਵੌਲਿਊਮ);

- ਡੱਬੇ ਨੂੰ ਭਰਨ ਲਈ ਫਸਲ ਦੀ ਲੋੜੀਂਦੀ ਮਿਣਤੀ ਜਾਂ ਫਸਲ ਦਾ ਲੋੜੀਂਦਾ ਭਾਰ; ਅਤੇ

- ਫਸਲ ਦਾ ਪੀਸ ਰੇਟ।

ਬਾਕੀ ਸਾਰੇ ਫਾਰਮ ਵਰਕਰਾਂ ਨੂੰ ਭਾਵੇਂ ਉਹ ਵਰਕਰ ਘੰਟਿਆਂ 'ਤੇ ਕੰਮ ਕਰਦੇ ਹੋਣ, ਉੱਕੀ-ਪੁੱਕੀ ਤਨਖ਼ਾਹ ਲੈਂਦੇ ਹੋਣ ਜਾਂ ਕਿਸੇ ਹੋਰ ਤਰੀਕੇ ਨਾਲ ਤਨਖ਼ਾਹ ਲੈਂਦੇ ਹੋਣ, ਘੱਟੋ-ਘੱਟ ਤਨਖ਼ਾਹ ਜਿੰਨੀ ਤਨਖ਼ਾਹ ਦਿੱਤੀ ਜਾਣੀ ਜ਼ਰੂਰੀ ਹੈ।
15 ਸਤੰਬਰ 2017--$11.35 ਪ੍ਰਤੀ ਘੰਟਾ
1 ਜੂਨ, 2018--$12.65 ਪ੍ਰਤੀ ਘੰਟਾ
1 ਜੂਨ, 2019--$13.85 ਪ੍ਰਤੀ ਘੰਟਾ
1 ਜੂਨ, 2020-$14.60 ਪ੍ਰਤੀ ਘੰਟਾ
1 ਜੂਨ, 2021-$15.20 ਪ੍ਰਤੀ ਘੰਟਾ

ਜਾਰੀ...

ਨੋਟ: ਸੀਜ਼ਨਲ ਐਗਰੀਕਲਚਰ ਵਰਕਰ ਪ੍ਰੋਗਰਾਮ (ਐੱਸ.ਏ.ਡਬਲਿਊ.ਪੀ) ਅਧੀਨ ਕੰਮ ਕਰਨ ਵਾਲੇ ਫਾਰਮ ਵਰਕਰਾਂ ਨੂੰ ਤਨਖ਼ਾਹ ਐੱਸ.ਏ.ਡਬਲਿਊ.ਪੀ. ਕੌਨਟਰੈਕਟ ਅਧੀਨ ਦਿੱਤੀ ਜਾਣੀ ਜ਼ਰੂਰੀ ਹੈ। ਐੱਸ.ਏ.ਡਬਲਿਊ.ਪੀ. ਕੌਨਟਰੈਕਟ ਬਾਰੇ ਹੋਰ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਸਰਵਿਸ ਕੈਨੇਡਾ ਨਾਲ 1-800-367-5693 ਤੇ ਸੰਪਰਕ ਕਰੋ।

## ਤਨਖ਼ਾਹਾਂ ਦੇਣਾ

ਸਾਰੇ ਫਾਰਮ ਵਰਕਰਾਂ ਨੂੰ ਮਹੀਨੇ ਵਿੱਚ **ਘੱਟੋ-ਘੱਟ** ਦੋ ਵਾਰੀ ਤਨਖ਼ਾਹ ਮਿਲਣੀ ਜ਼ਰੂਰੀ ਹੈ।

ਘੰਟਿਆਂ ’ਤੇ ਕੰਮ ਕਰਨ ਵਾਲੇ ਫਾਰਮ ਵਰਕਰਾਂ ਅਤੇ ਉੱਕਾ-ਪੁੱਕਾ ਤਨਖ਼ਾਹ ਲੈਣ ਵਾਲੇ ਵਰਕਰਾਂ ਨੂੰ ਤਨਖ਼ਾਹ ਦੇ ਸਮੇਂ ਦੇ ਅੰਤ ਤੋਂ ਬਾਦ ਅੱਠ ਦਿਨਾਂ ਦੇ ਵਿੱਚ-ਵਿੱਚ ਤਨਖ਼ਾਹ ਦਿੱਤੀ ਜਾਣੀ ਜ਼ਰੂਰੀ ਹੈ।

ਪੀਸ ਰੇਟ ’ਤੇ ਕਟਾਈ ਕਰਨ ਵਾਲੇ ਫਾਰਮ ਵਰਕਰਾਂ ਨੂੰ ਕੁੱਲ ਅੰਦਾਜ਼ਨ ਤਨਖ਼ਾਹ ਦੀ ਘੱਟੋ-ਘੱਟ 80 ਫੀਸਦੀ ਤਨਖ਼ਾਹ ਹਰ ਮਹੀਨੇ ਦੇ ਅੱਧ ਵਿੱਚ ਦਿੱਤੀ ਜਾ ਸਕਦੀ ਹੈ। ਬਾਕੀ ਸਾਰੀ ਬੱਚਦੀ ਤਨਖ਼ਾਹ ਹਰ ਮਹੀਨੇ ਦੇ ਅੰਤ ਤੋਂ ਬਾਦ ਦੇ ਅੱਠ ਦਿਨਾਂ ਵਿੱਚ ਦਿੱਤੀ ਜਾਣੀ ਜ਼ਰੂਰੀ ਹੈ।

ਫਾਰਮਾਂ ਲਈ ਵਰਕਰ ਲਿਜਾਣ ਵਾਲੇ ਲਾਇੰਸੈਂਸਸ਼ੁਦਾ ਠੇਕੇਦਾਰਾਂ ਲਈ ਤਨਖ਼ਾਹਾਂ ਸਿੱਧੀਆਂ ਮੁਲਾਜ਼ਮਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।

## ਤਨਖ਼ਾਹਾਂ ਵਿੱਚ ਕਟੌਤੀਆਂ

ਕੋਈ ਵੀ ਕੰਮ-ਮਾਲਕ ਕਾਨੂੰਨ ਮੁਤਾਬਕ ਜ਼ਰੂਰੀ ਕਟੌਤੀਆਂ (ਜਿਵੇਂ ਕਿ ਇਨਕਮ ਟੈਕਸ, ਸੀ.ਪੀ.ਪੀ ਅਤੇ ਈ.ਆਈ) ਤੋਂ ਬਿਨ੍ਹਾਂ ਜਾਂ ਮੁਲਾਜ਼ਮ ਦੀ ਲਿਖਤੀ ਆਗਿਆ ਤੋਂ ਬਿਨ੍ਹਾਂ ਕਿਸੇ ਵੀ ਮੁਲਾਜ਼ਮ ਦੀ ਤਨਖ਼ਾਹ ਵਿੱਚੋਂ ਸਿੱਧੀ ਜਾਂ ਅਸਿੱਧੀ ਕਟੌਤੀ ਨਹੀਂ ਕਰ ਸਕਦਾ, ਤਨਖ਼ਾਹ ਰੋਕ ਨਹੀਂ ਸਕਦਾ ਜਾਂ ਕਿਸੇ ਹੋਰ ਹਰਜਾਨੇ ਵਜੋਂ ਮੁਲਾਜ਼ਮ ਦੀ ਤਨਖ਼ਾਹ ਵਿੱਚੋਂ ਕਟੌਤੀ ਨਹੀਂ ਕਰ ਸਕਦਾ।

ਭਾਵੇਂ ਮੁਲਾਜ਼ਮ ਨੇ ਕੋਈ ਲਿਖਤੀ ਆਗਿਆ ਦਿੱਤੀ ਵੀ ਹੋਵੇ, ਫੇਰ ਵੀ ਕੋਈ ਵੀ ਕੰਮ-ਮਾਲਕ ਕਿਸੇ ਵੀ ਮੁਲਾਜ਼ਮ ਤੋਂ ਇਹ ਮੰਗ ਨਹੀਂ ਕਰ ਸਕਦਾ ਕਿ ਉਹ ਕੰਮ-ਮਾਲਕ ਦੇ ਕਾਰੋਬਾਰ ਦੇ ਖ਼ਰਚੇ ਦਾ ਕੋਈ ਹਿੱਸਾ ਦੇਵੇ।

ਜਾਰੀ...

## ਓਵਰਟਾਈਮ

ਫਾਰਮ ਵਰਕਰ ਓਵਰਟਾਈਮ ਦੀ ਤਨਖ਼ਾਹ ਲੈਣ ਦੇ ਹੱਕਦਾਰ ਨਹੀਂ ਹਨ। ਪਰ ਫਾਰਮ ਵਿੱਚ ਕੰਮ ਕਰਦੇ ਕਿਸੇ ਵੀ ਵਰਕਰ ਤੋਂ ਕੰਮ-ਮਾਲਕ ਇੰਨਾ ਜ਼ਿਆਦਾ ਕੰਮ ਨਹੀਂ ਕਰਾ ਸਕਦਾ ਜਾਂ ਉਸਨੂੰ ਇਤਨਾ ਕੰਮ ਕਰਨ ਦੀ ਅਗਿਆ ਨਹੀਂ ਦੇ ਸਕਦਾ, ਜਿੰਨਾ ਕੰਮ ਮੁਲਾਜ਼ਮ ਦੀ ਸਿਹਤ ਜਾਂ ਸੁਰੱਖਿਆ ਲਈ ਨੁਕਸਾਨਦੇਹ ਹੋਵੇ।

## ਸਾਲਾਨਾ ਛੁੱਟੀਆਂ (ਵਕੇਸ਼ਨ) ਅਤੇ ਛੁੱਟੀਆਂ ਦੀ ਤਨਖ਼ਾਹ (ਵਕੇਸ਼ਨ ਪੇਅ)

ਪੀਸ ਰੇਟ ਤੇ ਕਟਾਈ ਕਰਦੇ ਕਾਮਿਆਂ ਲਈ ਛੁੱਟੀਆਂ ਦੀ ਤਨਖ਼ਾਹ ਹੇਠਾਂ ਦਿੱਤੇ ਪੀਸ ਰੇਟਾਂ ਵਿੱਚ ਸ਼ਾਮਲ ਹੈ।

ਉੱਕੀ-ਪੁੱਕੀ ਤਨਖ਼ਾਹ ਜਾਂ ਘੰਟਿਆਂ ਦੀ ਤਨਖ਼ਾਹ ਲੈਣ ਵਾਲੇ ਫਾਰਮ ਵਰਕਰ ਇਸਦੇ ਹੱਕਦਾਰ ਹਨ:

- 12 ਮਹੀਨਿਆਂ ਦੇ ਲਗਾਤਾਰ ਕੰਮ ਤੋਂ ਬਾਦ ਦੋ ਹਫਤਿਆਂ ਦੀਆਂ ਛੁੱਟੀਆਂ ਅਤੇ ਪੰਜ ਸਾਲ ਲਗਾਤਾਰ ਕੰਮ ਤੋਂ ਬਾਦ ਤਿੰਨ ਹਫਤਿਆਂ ਦੀਆਂ ਛੁੱਟੀਆਂ ਦੇ ਹੱਕਦਾਰ ਹਨ।

- ਪੰਜ ਦਿਨਾਂ ਦੀ ਮੁਲਾਜ਼ਮਤ ਪੂਰੀ ਕਰਨ ਤੋਂ ਬਾਦ ਕੁੱਲ ਆਮਦਨ ਦੀ ਚਾਰ ਫੀਸਦੀ ਛੁੱਟੀਆਂ ਦੀ ਤਨਖ਼ਾਹ ਅਤੇ ਪੰਜ ਸਾਲ ਦੀ ਮੁਲਾਜ਼ਮਤ ਤੋਂ ਬਾਦ ਕੁੱਲ ਸਾਲਾਨਾ ਆਮਦਨ ਦੀ ਛੇ ਫੀਸਦੀ ਛੁੱਟੀਆਂ ਦੀ ਤਨਖ਼ਾਹ ਦੇ ਹੱਕਦਾਰ ਹਨ। (ਸਾਲਾਨਾ ਛੁੱਟੀਆਂ ਨਾਂ ਦੀ ਤੱਥ-ਸ਼ੀਟ ਦੇਖੋ।)

ਛੁੱਟੀਆਂ ਦੀ ਤਨਖ਼ਾਹ ਇਸ ਤਰ੍ਹਾਂ ਦਿੱਤੀ ਜਾਣੀ ਹੈ:

- ਸਾਲਾਨਾ ਛੁੱਟੀਆਂ ਸ਼ੁਰੂ ਹੋਣ ਤੋਂ ਘੱਟੋ-ਘੱਟ ਸੱਤ ਦਿਨ ਪਹਿਲਾਂ ਜਾਂ ਜੇ ਕੰਮ ਮਾਲਕ ਅਤੇ ਮੁਲਾਜ਼ਮ ਨੇ ਲਿਖਤੀ ਤੌਰ ’ਤੇ ਸਹਿਮਤੀ ਕੀਤੀ ਹੋਈ ਹੈ ਤਾਂ ਤਨਖ਼ਾਹ ਵਾਲੇ ਆਮ ਦਿਨਾਂ ਨੂੰ; ਜਾਂ

- ਜੇ ਕੰਮ ਇੱਕ ਸਾਲ ਤੋਂ ਪਹਿਲਾਂ ਮੁੱਕ ਜਾਂਦਾ ਹੈ ਤਾਂ ਆਖ਼ਰੀ ਤਨਖ਼ਾਹ ਦੇ ਚੈੱਕ ਵਿੱਚ।

ਜਾਰੀ...

## ਕਾਨੂੰਨੀ ਛੁੱਟੀਆਂ (ਸਟੈਟੂਟਰੀ)

ਫਾਰਮ ਵਰਕਰ ਕਾਨੂੰਨੀ ਛੁੱਟੀਆਂ ਦੇ ਫਾਇਦਿਆਂ ਤੋਂ ਬਾਹਰ ਹਨ।

## ਤਨਖ਼ਾਹ ਦੀਆਂ ਸਟੇਟਮੈਂਟਾਂ

ਤਨਖ਼ਾਹ ਵਾਲੇ ਦਿਨ ਕੰਮ ਮਾਲਕ ਵੱਲੋਂ ਹਰ ਮੁਲਾਜ਼ਮ ਨੂੰ ਤਨਖ਼ਾਹ ਦੀ ਲਿਖਤੀ ਸਟੇਟਮੈਂਟ ਦੇਣਾ ਜ਼ਰੂਰੀ ਹੈ, ਜਿਸ ਵਿੱਚ ਅੱਗੇ ਲਿਖੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ:

- ਕੰਮ-ਮਾਲਕ ਦਾ ਨਾਂ ਅਤੇ ਐੱਡਰੈੱਸ;
- ਕਿੰਨੇ ਘੰਟੇ ਕੰਮ ਕੀਤਾ ਹੈ ;
- ਮੁਲਾਜ਼ਮ ਦਾ ਤਨਖ਼ਾਹ ਰੇਟ, ਕੀ ਇਹ ਘੰਟਿਆਂ ਦਾ ਰੇਟ ਹੈ, ਉੱਕੀ-ਪੁੱਕੀ ਤਨਖ਼ਾਹ ਹੈ, ਫਲੈਟ ਰੇਟ ਹੈ, ਪੀਸ ਰੇਟ ਹੈ, ਕਮਿਸ਼ਨ ਜਾਂ ਹੋਰ ਪ੍ਰੇਰਕਾਂ (ਇਨਸੈਨਟਿਵ) ’ਤੇ ਆਧਾਰਿਤ ਹੈ;
- ਕੋਈ ਹੋਰ ਪੈਸੇ, ਅਲਾਊਂਸ ਜਾਂ ਹੋਰ ਅਦਾਇਗੀ ਜਿਸਦਾ ਮੁਲਾਜ਼ਮ ਹੱਕਦਾਰ ਹੈ;
- ਹਰ ਕਟੌਤੀ ਦੀ ਰਕਮ ਅਤੇ ਇਸਦਾ ਮੰਤਵ;
- ਮੁਲਾਜ਼ਮ ਦੀ ਆਮਦਨ ਦਾ ਹਿਸਾਬ ਕਿਵੇਂ ਲਾਇਆ ਗਿਆ ਹੈ, ਜੇ ਮੁਲਾਜ਼ਮ ਦੀ ਤਨਖ਼ਾਹ ਘੰਟਿਆਂ ਜਾਂ ਉੱਕੀ-ਪੁੱਕੀ ਤਨਖ਼ਾਹ ਤੋਂ ਬਿਨ੍ਹਾਂ ਕਿਸੇ ਹੋਰ ਤਰੀਕੇ ਨਾਲ ਦਿੱਤੀ ਗਈ ਹੈ; ਅਤੇ
- ਮੁਲਾਜ਼ਮ ਦੀ ਕੁੱਲ ਅਤੇ ਕਟੌਤੀਆਂ ਤੋਂ ਬਾਦ ਦੀ ਤਨਖ਼ਾਹ ਅਤੇ ਕੋਈ ਵੀ ਹੋਰ ਰਕਮ ਦਾ ਵੇਰਵਾ ਜਿਹੜੀ ਮੁਲਾਜ਼ਮ ਦੇ ਟਾਈਮ ਬੈਂਕ ਵਿੱਚੋਂ ਕਢਾਈ ਗਈ ਹੈ ਅਤੇ ਕਿੰਨੀ ਰਕਮ ਰਹਿੰਦੀ ਹੈ।

## ਪੀਸ ਵਰਕ ਵਾਲੀਆਂ ਫਸਲਾਂ ਲਈ ਘੱਟੋ-ਘੱਟ ਤਨਖ਼ਾਹ

ਜਿਹੜੇ ਫਾਰਮ ਵਰਕਰ ਪੀਸ ਵਰਕ ਦੇ ਆਧਾਰ ’ਤੇ ਕੰਮ ਕਰਦੇ ਹਨ ਅਤੇ ਅੱਗੇ ਲਿਖੀਆਂ ਫਸਲਾਂ ਹੱਥ ਨਾਲ ਤੋੜਦੇ ਹਨ, ਉਹਨਾਂ ਲਈ ਘੱਟੋ-ਘੱਟ ਰੇਟ ਇਸ ਤਰ੍ਹਾਂ ਹਨ: (ਰੇਟਾਂ ਵਿੱਚ ਛੁੱਟੀਆਂ ਦੀ ਕਮਾਈ ਦੀ ਚਾਰ ਫੀਸਦੀ ਤਨਖ਼ਾਹ ਸ਼ਾਮਲ ਹੈ):

| ਫਸਲ | 15 ਸਤੰਬਰ , 2017 | 1 ਜਨਵਰੀ, 2019 |
|---|---|---|
| ਸੇਬ | $18.89 ਡੱਬਾ, (27.1 ਘਣਫੁੱਟ/ 0.767 ਘਣਮੀਟਰ) | $21.06 ਡੱਬਾ (27.1 ਘਣਫੁੱਟ / 0.767 ਘਣਮੀਟਰ) |
| ਖੁਰਮਾਣੀ | $21.73 ½ ਡੱਬਾ (13.7 ਘਣਫੁੱਟ/ 0.388 ਘਣਮੀਟਰ) | $24.23 a ½ ਡੱਬਾ (13.7 ਘਣਫੁੱਟ/ 0.388 ਘਣਮੀਟਰ) |
| ਫਲੀਆਂ | $0.259 ਪੌਂਡ / 0.571ਕਿਲੋਗਰਾਮ | $0.289 ਪੌਂਡ / $0.637 ਕਿਲੋਗਰਾਮ |
| ਬਲੂਬੇਰੀ | $0.438ਪੌਂਡ / $0.966 ਕਿਲੋਗਰਾਮ | $0.488 ਪੌਂਡ / $1.077 ਕਿਲੋਗਰਾਮ |
| ਬਰਸਲਜ਼ ਸਪਰਾਊਟ | $0.180 ਪੌਂਡ / $0.397 ਕਿਲੋਗਰਾਮ | $0.201ਪੌਂਡ / $0.443ਕਿਲੋਗਰਾਮ |
| ਚੈਰੀ | $0.248 ਪੌਂਡ / $0.**547** ਕਿਲੋਗਰਾਮ | $0.277 ਪੌਂਡ / $0.610 ਕਿਲੋਗਰਾਮ |
| ਅੰਗੂਰ | $20.07 1/2 ਡੱਬਾ (13.7 ਘਣਫੁੱਟ / 0.388 ਘਣਮੀਟਰ) | $22.38 a 1/2 ਡੱਬਾ (13.7 ਘਣਫੁੱਟ / 0.388 ਘਣਮੀਟਰ) |
| ਖੁੰਬਾਂ | $0.260 ਪੌਂਡ / $0.573 ਕਿਲੋਗਰਾਮ | $0.290 ਪੌਂਡ / $0.639 ਕਿਲੋਗਰਾਮ |
| ਆੜੂ | $20.07 1/2 ਡੱਬਾ (12.6 ਘਣਫੁੱਟ / 0.357 ਘਣਮੀਟਰ) | $22.38 a 1/2 ਡੱਬਾ (12.6 ਘਣਫੁੱਟ / 0.357 ਘਣਮੀਟਰ |
| ਨਾਸ਼ਪਤੀ | $21.27 ਡੱਬਾ (27.1 ਘਣਫੁੱਟ/ 0.767 ਘਣਮੀਟਰ) | $23.72 ਡੱਬਾ (27.1 ਘਣਫੁੱਟ / 0.767 ਘਣਮੀਟਰ) |
| ਮਟਰ | $0.323 ਪੌਂਡ / $0.712 ਕਿਲੋਗਰਾਮ | $0.360 ਪੌਂਡ / $0.794 ਕਿਲੋਗਰਾਮ |
| ਅਲੂਚੇ ( ਪਰੂਨ ਪਲਮੱਜ਼) | $21.27 1/2 ਡੱਬਾ (13.7 ਘਣਫੁੱਟ/ 0.388 ਘਣਮੀਟਰ) | $23.72 1/2 ਡੱਬਾ (13.7 ਘਣਫੁੱਟ / 0.388ਘਣਮੀਟਰ) |
| ਰਸਬੇਰੀ | $0.395 ਪੌਂਡ / 0.871 ਕਿਲੋਗਰਾਮ | $0.440 ਪੌਂਡ/ 0.971 ਕਿਲੋਗਰਾਮ |

| | | |
|---|---|---|
| **ਸਟਰਾਬੇਰੀ** | $0.380 **ਪੌਂਡ** / $0.838 **ਕਿਲੋਗਰਾਮ** | $0.424 **ਪੌਂਡ** / $0.934 **ਕਿਲੋਗਰਾਮ** |
| **ਡੈਫੋਡਿਲਜ਼**** | $0.152 **ਗੁੱਛੀ** (10 **ਡੰਡੀਆਂ**) | $0.169 **ਗੁੱਛੀ** (10 **ਡੰਡੀਆਂ**) |

****ਡੈਫੋਡਿਲਜ਼ ਦੇ ਰੇਟਾਂ ਵਿੱਚ ਛੁੱਟੀਆਂ ਦੀ ਤਨਖ਼ਾਹ ਸ਼ਾਮਲ ਨਹੀਂ ਹੈ।**

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਨਾਲ ਸੰਪਰਕ ਕਰੋ;
A207-20159 88th Avenue
Langely BC V1M0A4
ਫੈਕਸ:604-513-4622
ਜਾਂ ਐਗਰੀਕਲਚਰ ਕੰਪਲਾਇੰਸ ਹੌਟ ਲਾਈਨ ਨੂੰ ਫੋਨ ਕਰੋ:
604-513-4604